BRAMPTON **Service and Information Update**

# ਬ੍ਰੈਂਪਟਨ ਫਾਰਮਰਸ ਮਾਰਕੀਟ ਵਿਖੇ ਵਿਆਹ ਕਰੋ!

ਬ੍ਰੈਂਪਟਨ, ਓਨਟੈਰੀਓ (18 ਜੁਲਾਈ, 2022) – ਬ੍ਰੈਂਪਟਨ ਫਾਰਮਰਸ ਮਾਰਕੀਟ (Brampton Farmers' Market) ਵਿਖੇ ਨਾਗਰਿਕ ਵਿਆਹ ਸਮਾਰੋਹਾਂ ਤੇ ਇੱਕ ਖਾਸ ਪ੍ਰਚਾਰ ਦੇ ਜਵਾਬ ਵਿੱਚ, ਲੋਕਾਂ ਦੁਆਰਾ ਜ਼ਬਰਦਸਤ ਦਿਲਚਸਪੀ ਦਿਖਾਉਣ ਦੇ ਕਾਰਨ, ਸਿਟੀ ਆਫ ਬ੍ਰੈਂਪਟਨ ਇਹ ਐਲਾਨ ਕਰਦੇ ਹੋਏ ਉਤਸ਼ਾਹਿਤ ਹੈ ਕਿ ਪ੍ਰਚਾਰ, ਸ਼ਨੀਵਾਰ, 3 ਸਤੰਬਰ, 2022 ਤੱਕ ਵਧਾ ਦਿੱਤਾ ਗਿਆ ਹੈ।

ਤੁਸੀਂ ਅਤੇ ਤੁਹਾਡਾ ਪਾਰਟਨਰ, ਫਾਰਮਰਸ ਮਾਰਕੀਟ ਦੇ ਦੌਰਾਨ, ਖੂਬਸੂਰਤ ਗੇਜ ਪਾਰਕ (Gage Park) ਦੇ ਗਜ਼ੇਬੋ ਵਿੱਚ, ਸਿਰਫ 75 ਡਾਲਰ ਦੀ ਫੀਸ ਦੇ ਨਾਲ, ਇੱਕ-ਦੂਜੇ ਨਾਲ ਵਾਅਦਾ ਕਰਕੇ, ਅਧਿਕਾਰਤ ਤੌਰ ਤੇ ਵਿਆਹ ਕਰ ਸਕਦੇ ਹੋ!

ਸੀਮਿਤ ਥਾਵਾਂ ਉਪਲਬਧ ਹਨ। **24 ਅਗਸਤ, 2022** ਤੱਕ ਖੁਦ ਆ ਕੇ ਬੁੱਕ ਕਰੋ।

ਬੁਕਿੰਗ ਦੇ ਸਮੇਂ ਬੁਕਿੰਗ ਦੀ ਪੂਰੀ ਫੀਸ ਦੇਣੀ ਲਾਜ਼ਮੀ ਹੈ। ਬੁਕਿੰਗ ਦੇ ਸਮੇਂ ਵਿਆਹ ਦਾ ਵੈਧ ਲਾਇਸੈਂਸ ਪੇਸ਼ ਕਰਨਾ ਜਾਂ ਖਰੀਦਣਾ (160 ਡਾਲਰ) ਲਾਜ਼ਮੀ ਹੈ।

ਵਿਆਹ ਦੇ ਲਾਇਸੈਂਸ ਲਈ ਅਪੌਇੰਟਮੈਂਟਾਂ, www.brampton.ca/skiptheline ਤੇ ਜਾਂ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:30 ਵਜੇ ਤੋਂ ਸ਼ਾਮ 4 ਵਜੇ ਤੱਕ, ਸਿਟੀ ਹਾਲ (City Hall) ਵਿਖੇ ਖੁਦ ਆ ਕੇ ਬੁੱਕ ਕੀਤੀਆਂ ਜਾ ਸਕਦੀਆਂ ਹਨ।

**ਵਿਆਹ ਦੇ ਲਾਇਸੈਂਸ**

ਕੀ ਤੁਸੀਂ ਆਪਣੇ ਵਿਆਹ ਦੀ ਯੋਜਨਾ ਬਣਾ ਰਹੇ ਹੋ? ਓਨਟੈਰੀਓ ਵਿੱਚ ਵਿਆਹ ਕਰਨ ਤੋਂ ਪਹਿਲਾਂ, ਤੁਹਾਡੇ ਲਈ ਵਿਆਹ ਦਾ ਲਾਇਸੈਂਸ ਲੈਣਾ ਜ਼ਰੂਰੀ ਹੈ। ਸਿਟੀ ਆਫ ਬ੍ਰੈਂਪਟਨ ਤੋਂ ਵਿਆਹ ਦਾ ਲਾਇਸੈਂਸ (marriage licence) ਪ੍ਰਾਪਤ ਕਰਨ ਲਈ ਸ਼ਰਤਾਂ ਅਤੇ ਸਮਾਂ ਸੀਮਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰੋ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca